ਵਿਸ਼ਾ:- ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ ਸਪੈਸ਼ਲਿਸਟ ਡਾਕਟਰਾਂ ਨੂੰ ਰੀਇੰਪਲਾਈਮੈਂਟ ਦੇਣ ਬਾਰੇ ।

***

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

ਸਿਹਤ ਵਿਭਾਗ ਵਿੱਚ ਸਪੈਸ਼ਲਿਸਟ ਡਾਕਟਰਾਂ ਦੀ ਬਹੁਤ ਘਾਟ ਹੈ ਅਤੇ ਕਈ ਵਾਰ ਭਰਤੀ ਕਰਨ ਤੇ ਵੀ ਪੂਰੀਆਂ ਆਸਾਮੀਆਂ ਨਹੀਂ ਭਰੀਆਂ ਜਾਂਦੀਆਂ। ਇਸ ਲਈ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿਚ ਰਿਟਾਇਰਡ ਸਪੈਸ਼ਲਿਸਟ ਡਾਕਟਰਾਂ ਨੂੰ ਹੇਠ ਦਰਜ ਸ਼ਰਤਾਂ ਅਨੁਸਾਰ ਸਿਹਤ ਸੰਸਥਾਵਾਂ ਵਿਚ ਕਲੀਨੀਕਲ ਪੋਸਟਾਂ ਵਿਰੁੱਧ ਰੀਇਮਪਲਾਇਮੈਂਟ ਦੇਣ ਦੀ ਪ੍ਰਵਾਨਗੀ ਦਿੰਦੇ ਹਨ:-

(1) ਸਪੈਸ਼ਲਿਸਟ ਡਾਕਟਰਾਂ ਨੂੰ ਕੰਟਰੈਕਟ ਦੇ ਆਧਾਰ ਤੇ ਰਖਿਆ ਜਾਵੇਗਾ ਅਤੇ ਰੀਇੰਪਲਾਈਮੈਂਟ ਦੇ ਸਮੇਂ ਦੌਰਾਨ ਬੱਝਵੀਂ ਮਹੀਨਾਵਾਰ ਰਕਮ (ਆਖਰੀ ਤਨਖਾਹ-ਪੈਨਸ਼ਨ) ਪ੍ਰਤੀ ਮਹੀਨਾ ਦਿੱਤੀ ਜਾਵੇਗੀ, ਕੋਈ ਇੰਕਰੀਮੈਂਟ ਆਦੀ ਨਹੀਂ ਲਗੇਗਾ ।

(2) ਰੀਇੰਪਲਾਈਮੈਂਟ ਸ਼ੁਰੂ ਵਿੱਚ 2 ਸਾਲ ਲਈ ਹੋਵੇਗੀ ਅਤੇ ਇਸ ਤਰ੍ਹਾਂ ਬਾਦ ਵਿੱਚ ਜੇਕਰ ਡਾਕਟਰ ਦਾ ਕੰਮ-ਕਾਜ ਤਸੱਲੀਬਖਸ਼ ਹੋਇਆ ਤਾਂ ਇੱਕ ਇੱਕ ਸਾਲ ਕਰਕੇ ਕੁਲ 5 ਸਾਲ ਤੱਕ ਉਨ੍ਹਾਂ ਨੂੰ ਹੋਰ ਰੀਇੰਪਲਾਈਮੈਂਟ ਤੇ ਰਖਿਆ ਜਾ ਸਕਦਾ ਹੈ। ਵੱਧ ਤੋਂ ਵੱਧ 65 ਸਾਲ ਦੀ ਉਮਰ ਤੱਕ ਰੀਇੰਪਲਾਈਮੈਂਟ ਦਿੱਤੀ ਜਾ ਸਕਦੀ ਹੈ।

(3) ਸਪੈਸ਼ਲਿਸਟ ਡਾਕਟਰ ਭਾਵੇਂ ਪ੍ਰਬੰਧਕੀ ਆਸਾਮੀ ਜਾਂ ਹਸਪਤਾਲ ਵਿੱਚ ਕਲੀਨੀਕਲ ਆਸਾਮੀ ਤੋਂ ਰਿਟਾਇਰ ਹੋਇਆ ਹੋਵੇ, ਪ੍ਰੰਤੂ ਰਿਟਾਇਰਮੈਂਟ ਤੋਂ ਬਾਦ ਸਿਰਫ ਸਿਹਤ ਸੰਸਥਾਵਾਂ ਵਿੱਚ ਕਲੀਨੀਕਲ ਆਸਾਮੀ ਤੇ ਹੀ ਉਨ੍ਹਾਂ ਨੂੰ ਰਖਿਆ ਜਾਵੇਗਾ ਅਤੇ ਰੀਇੰਪਲਾਈਮੈਂਟ ਤੇ ਰੱਖੇ ਕਿਸੇ ਵੀ ਡਾਕਟਰ ਨੂੰ ਕਿਸੇ ਵੀ ਹਾਲਤ ਵਿੱਚ ਪ੍ਰਬੰਧਕੀ ਆਸਾਮੀ ਤੇ ਤੈਨਾਤ ਨਹੀਂ ਕੀਤਾ ਜਾਵੇਗਾ ।

(4) ਜੋ ਰੀਇੰਪਲਾਈਡ ਸਪੈਸ਼ਲਿਸਟ ਡਾਕਟਰ ਹਨ ਉਨ੍ਹਾਂ ਨੂੰ ਕਿਸੇ ਸਿਹਤ ਸੰਸਥਾ ਵਿਸ਼ੇਸ਼ ਵਿੱਚ ਰੀਇੰਪਲਾਈਮੈਂਟ ਦਿੱਤੀ ਜਾਵੇਗੀ ਅਤੇ ਉਨ੍ਹਾਂ ਨੂੰ ਦਿੱਤੇ ਗਏ ਤੈਨਾਤੀ ਸਥਾਨ ਤੋਂ ਬਦਲਿਆ ਨਹੀਂ ਜਾਵੇਗਾ। ਜਦੋਂ ਤੱਕ ਰੀਇੰਪਲਾਈਡ ਸਪੈਸ਼ਲਿਸਟ ਡਾਕਟਰ ਉਥੇ ਕੰਮ ਕਰ ਰਹੇ ਹਨ, ਉਥੇ ਰੈਗੂਲਰ ਸਪੈਸ਼ਲਿਸਟ ਡਾਕਟਰ ਤੈਨਾਤ ਨਹੀਂ ਕੀਤਾ ਜਾਵੇਗਾ।

(5) ਰੀਇੰਪਲਾਈਮੈਂਟ ਉਸ ਹਸਪਤਾਲ ਵਿੱਚ ਹੀ ਦਿੱਤੀ ਜਾ ਸਕਦੀ ਹੈ ਜਿਥੇ ਉਸ ਸਪੈਸ਼ਲਿਟੀ ਦੀ ਪੋਸਟ ਮੰਨਜ਼ੂਰ ਹੋਵੇ।

(6) ਜਿਵੇਂ ਕਿ ਉਪਰ ਦਰਸਾਇਆ ਗਿਆ ਹੈ ਕਿ ਰੀਇੰਪਲਾਈਡ ਸਪੈਸ਼ਲਿਸਟ ਡਾਕਟਰ ਪ੍ਰਬੰਧਕੀ ਪੋਸਟ ਤੇ ਕੰਮ ਨਹੀਂ ਕਰਨਗੇ ਅਤੇ ਰੀਇੰਪਲਾਈਮੈਂਟ ਤੋਂ ਬਾਦ ਉਹ ਸਿਹਤ ਸੰਸਥਾਵਾਂ ਦੇ ਐਸ.ਐਮ.ਓ/ਸੀ.ਐਮ.ਓ. ਦੇ ਅਧੀਨ ਕੰਮ ਕਰਨਗੇ। ਜੋ ਆਸਾਮੀ ਸਪੈਸ਼ਲਿਸਟ ਡਾਕਟਰਾਂ ਵਲੋਂ ਰਿਟਾਇਰਮੈਂਟ ਤੇ ਖਾਲੀ ਕੀਤੀ ਜਾਂਦੀ ਹੈ, ਉਸ ਨੂੰ ਸਰਕਾਰ ਦੀ ਹਦਾਇਤਾਂ ਮੁਤਾਬਕ ਤਰੱਕੀ ਜਾਂ ਹੋਰ ਕਿਸੇ ਵਿਧੀ ਨਾਲ ਭਰ ਲਿਆ ਜਾਵੇਗਾ ਅਤੇ ਰੀਇੰਪਲਾਈਡ ਸਪੈਸ਼ਲਿਸਟ ਡਾਕਟਰ ਜੂਨੀਅਰ ਖਾਲੀ ਆਸਾਮੀ ਵਿਰੁੱਧ ਤਨਖਾਹ ਲੈਣਗੇ।

(7) ਸਿਹਤ ਵਿਭਾਗ ਵਿਗਿਆਪਨ / ਵੈਬ ਸਾਈਟ ਰਾਹੀਂ ਹਰੇਕ ਮਹੀਨੇ ਸਪੈਸ਼ਲਿਸਟ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਬਾਰੇ ਸੂਚਿਤ ਕਰਨਗੇ। ਜੇਕਰ ਕਿਸੇ ਖਾਲੀ ਆਸਾਮੀ ਤੇ ਕੋਈ ਸਪੈਸ਼ਲਿਸਟ ਡਾਕਟਰ ਜੋ ਸਰਵਿਸ

ਵਿੱਚ ਹੋਵੇ ਆਉਣ ਦਾ ਚਾਹਵਾਨ ਨਹੀਂ, ਤਾਂ ਉਹ ਖਾਲੀ ਆਸਾਮੀਆਂ ਰਿਟਾਇਰਡ ਸਪੈਸਲਿਸਟ ਡਾਕਟਰਾਂ ਵਿਚੋਂ ਭਰ ਲਈਆਂ ਜਾਣਗੀਆਂ।

(8) ਰਿਟਾਇਰਡ ਸਪੈਸਲਿਸਟ ਡਾਕਟਰਾਂ ਵਲੋਂ ਜੋ ਅਰਜੀਆਂ ਪ੍ਰਾਪਤ ਹੋਣਗੀਆਂ ਉਹ ਮੈਨੇਜਿੰਗ ਡਾਇਰੈਕਟਰ, ਪੰਜਾਬ ਹੈਲਥ ਸਿਸਟਮ ਕਾਰਪੋਰੇਸਨ ਅਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਵਲੋਂ ਘੋਖੀਆਂ ਜਾਣਗੀਆਂ ਅਤੇ ਉਨ੍ਹਾਂ ਵਲੋਂ ਆਪਣੀ ਸਿਫਾਰਸ ਸਰਕਾਰ ਨੂੰ ਭੇਜੀ ਜਾਵੇਗੀ।

(9) ਕੇਵਲ ਉਨ੍ਹਾਂ ਡਾਕਟਰਾਂ ਨੂੰ ਰੀਇੰਪਲਾਈਮੈਂਟ ਦਿੱਤੀ ਜਾਵੇਗੀ, ਜਿਨ੍ਹਾਂ ਦਾ ਸਰਵਿਸ ਰਿਕਾਰਡ ਤਸੱਲੀਬਖਸ ਹੋਵੇਗਾ।

(10) ਰੀਇੰਪਲਾਈਮੈਂਟ ਅਤੇ ਪੋਸਟਿੰਗ ਲਈ ਰਿਟਾਇਰਡ ਸਪੈਸਲਿਸਟ ਡਾਕਟਰਾਂ ਦੀ ਸੀਨੀਆਰਤਾ ਅਤੇ ਉਨ੍ਹਾਂ ਦਾ ਪੂਰਾ ਸਰਵਿਸ ਰਿਕਾਰਡ ਹੀ ਆਧਾਰ ਹੋਵੇਗਾ।

(11) ਸਪੈਸਲਿਸਟ ਡਾਕਟਰ ਰੀਇੰਪਲਾਈਮੈਂਟ ਦੇ ਦੌਰਾਨ ਉਹ ਸਾਰੀਆਂ ਡਿਊਟੀਆਂ ਕਰਨਗੇ ਜੋ ਕਿ ਸਰਵਿੰਗ ਸਪੈਸਲਿਸਟ ਡਾਕਟਰ ਕਰਦੇ ਹਨ।

(12) ਸਪੈਸਲਿਸਟ ਡਾਕਟਰ ਸਰਕਾਰ ਨੂੰ ਇੱਕ ਮਹੀਨੇ ਦਾ ਨੋਟਿਸ ਦੇ ਕੇ ਨੌਕਰੀ ਛੱਡ ਸਕਦਾ ਹੈ ਅਤੇ ਇਸੇ ਤਰ੍ਹਾਂ ਜੇਕਰ ਡਾਕਟਰ ਦਾ ਕੰਮ ਕਾਜ ਤਸੱਲੀਬਖਸ ਨਹੀਂ ਹੁੰਦਾ ਤਾਂ ਸਰਕਾਰ ਵੀ ਉਸ ਨੂੰ ਇੱਕ ਮਹੀਨੇ ਦਾ ਨੋਟਿਸ ਦੇ ਕੇ ਉਸ ਦੀਆਂ ਸੇਵਾਵਾਂ ਖਤਮ ਕਰ ਸਕਦੀ ਹੈ।